# ਕੰਢੀ ਇਲਾਕੇ ਦੀਆਂ ਬਰਾਨੀ ਹਾਲਤਾਂ ਵਿੱਚ ਮੌਸਮ ਅਧਾਰਿਤ ਖੇਤੀ ਪ੍ਰਬੰਧਨ



ਅਨਿਲ ਖੋਖਰ, ਮਨਮੋਹਨਜੀਤ ਸਿੰਘ, ਵਿਵੇਕ ਸ਼ਰਮਾ, ਵਿਜੈ ਕੁਮਾਰ,
ਅਬਰਾਰ ਯੂਸਫ਼ ਅਤੇ ਪਰਮਿੰਦਰ ਸਿੰਘ ਸੰਧੂ

ਸਰਬ ਭਾਰਤੀ ਬਰਾਨੀ ਖੇਤੀ ਖੋਜ ਪਰਿਯੋਜਨਾ

**ਖੇਤਰੀ ਖੋਜ ਕੇਂਦਰ**

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ

ਬੱਲੋਵਾਲ ਸੌਂਖੜੀ, ਜਿਲਾ ਸ਼ਹੀਦ ਭਗਤ ਸਿੰਘ ਨਗਰ, ਪੰਜਾਬ-144521

**2019**


ਪੰਜਾਬ ਦੇ ਉੱਤਰ- ਪੂਰਬੀ ਪਹਾੜੀਆਂ ਦੇ ਪੈਰਾਂ ਵਿੱਚ ਵਸਿਆ ਕੰਢੀ ਦਾ ਇਲਾਕਾ 3.93 ਲੱਖ ਹੈਕਟੇਅਰ ਰਕਬੇ ਵਿੱਚ ਫੈਲਿਆ ਹੋਇਆ ਹੈ। ਕੰਢੀ ਵਿੱਚ ਪਠਾਨਕੋਟ ਦੇ ਧਾਰ ਕਲਾਂ ਬਲਾਕ ਤੋਂ ਲੈ ਕੇ ਮੁਹਾਲੀ ਦੇ ਡੇਰਾ ਬੱਸੀ ਤੱਕ ਪੰਜਾਬ ਦੇ ਪੰਜ ਜਿਲ੍ਹਿਆਂ ਪਠਾਨਕੋਟ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਰੋਪੜ ਅਤੇ ਮੁਹਾਲੀ ਦਾ ਇਲਾਕਾ ਪੈਂਦਾ ਹੈ। ਕੰਢੀ ਇਲਾਕੇ ਵਿੱਚ ਅਨਾਜ ਦੀ ਉਪਲਬਧਤਾ ਸਿਰਫ 1871 ਗ੍ਰਾਮ ਪ੍ਰਤੀ ਵਿਅਕਤੀ ਦਿਨ ਹੈ ਜਦਕਿ ਬਾਕੀ ਪੰਜਾਬ ਵਿੱਚ ਇਹ 3188 ਗ੍ਰਾਮ ਪ੍ਰਤੀ ਵਿਅਕਤੀ ਪ੍ਰਤੀ ਦਿਨ ਹੈ। ਪੰਜਾਬ ਵਿੱਚ ਵਾਧੂ ਅਨਾਜ ਪੈਦਾ ਹੋਣ ਦੇ ਬਾਵਜੂਦ ਕੰਢੀ ਦਾ ਇਲਾਕਾ ਅਨਾਜ ਦੀ ਥੁੜ ਮਹਿਸੂਸ ਕਰ ਰਿਹਾ ਹੈ।



**ਪੰਜਾਬ ਵਿੱਚ ਕੰਢੀ ਰਕਬਾ**

ਕੰਢੀ ਇਲਾਕੇ ਵਿੱਚ ਖੇਤੀ ਜਿਆਦਾਤਰ ਮਾਨਸੂਨ ਤੇ ਨਿਰਭਰ ਹੈ। ਇੱਥੇ ਸਲਾਨਾ ਵਰਖਾ 845 ਤੋਂ 1500 ਮਿਲੀਮੀਟਰ ਤੱਕ ਹੁੰਦੀ ਹੈ ਤੇ ਲਗਭਗ 80 ਪ੍ਰਤੀਸ਼ਤ ਵਰਖਾ ਮਾਨਸੂਨ ਦੇ 2-3 ਮਹੀਨਿਆਂ ਵਿੱਚ ਹੀ ਹੋ ਜਾਂਦੀ ਹੈ। ਮੀਂਹ ਦਾ ਪਾਣੀ ਬਰਸਾਤੀ ਚੋਆਂ ਰਾਹੀਂ ਰੁੜ ਜਾਂਦਾ ਹੈ, ਜਿਸ ਕਾਰਨ ਸਾਲ ਦੇ ਬਾਕੀ ਦੇ ਸਮੇਂ ਵਿੱਚ ਸੋਕੇ ਵਰਗੇ ਹਾਲਤ ਬਣ ਜਾਂਦੇ ਹਨ। ਮੌਸਮੀ ਬਦਲਾਅ ਕਾਰਨ ਵੀ ਸਾਉਣੀ ਦੇ ਸਮੇਂ ਕੰਢੀ ਵਿੱਚ ਬਾਰਿਸ਼ ਦੀ ਮਾਤਰਾ ਕਾਫੀ ਘਟ ਰਹੀ ਹੈ। ਮਾਨਸੂਨ ਦਾ ਲੇਟ ਆਉਣਾ ਜਾਂ ਛੇਤੀ ਖਤਮ ਹੋ ਜਾਣਾ ਅਤੇ ਮਾਨਸੂਨ ਦੇ ਦੌਰਾਨ ਵਿੱਚ ਸੋਕਾ ਪੈਣਾ ਕਾਫੀ ਵਧ ਰਿਹਾ ਹੈ। ਇਹ ਸੋਕੇ ਵਾਲੀਆਂ ਹਾਲਤਾਂ ਆਮ ਤੌਰ ਤੇ ਉਸ ਸਮੇਂ ਹੁੰਦੀਆਂ ਹਨ ਜਦੋਂ ਫਸਲ ਨੂੰ ਪਾਣੀ ਦੀ ਜਿਆਦਾ ਲੋੜ ਹੁੰਦੀ ਹੈ, ਜਿਸ ਕਰਕੇ ਫਸਲ ਦੇ ਝਾੜ ਤੇ ਬਹੁਤ ਮਾੜਾ ਅਸਰ ਪੈਂਦਾ ਹੈ।

ਖੇਤਰੀ ਖੋਜ ਕੇਂਦਰ, ਬੱਲੋਵਾਲ ਸੌਂਖੜੀ ਵੱਲੋਂ ਸਰਵ ਭਾਰਤੀ ਖੇਤੀ ਖੋਜ ਪਰਿਯੋਜਨਾ ਅਤੇ ਨਿਕਰਾ ਪਰਿਯੋਜਨਾ ਅਧੀਨ ਮੌਸਮੀ ਤਬਦੀਲੀਆਂ ਨੂੰ ਧਿਆਨ ਵਿੱਚ ਰੱਖ ਕੇ ਵੱਧ ਝਾੜ ਲੈਣ ਲਈ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਹਨ, ਜਿਹਨਾਂ ਨੂੰ ਅਪਣਾਅ ਕੇ ਕਿਸਾਨ ਆਪਣੀ ਆਮਦਨ ਵਿੱਚ ਵਾਧਾ ਕਰ ਸਕਦਾ ਹੈ। ਹੇਠ ਲਿਖੀਆਂ ਤਕਨੀਕਾਂ ਸਾਉਣੀ ਵਿੱਚ ਅਪਣਾਈਆਂ ਜਾਣ ਤਾਂ ਮੌਸਮੀ ਤਬਦੀਲੀਆਂ ਦੇ ਨੁਕਸਾਨ ਤੋਂ ਬਚਾਅ ਹੋ ਸਕਦਾ ਹੈ:-



**ਕੰਢੀ ਖੇਤਰ ਵਿੱਚ 2011-12 ਤੋਂ 2017-18 ਬਾਰਿਸ਼ ਦਾ ਵੇਰਵਾ**

- ਮਈ ਮਹੀਨੇ ਜਾਂ ਜੂਨ ਮਹੀਨੇ ਦੇ ਆਰੰਭ ਵਿੱਚ ਮਾਨਸੂਨ ਆਉਣ ਤੋਂ ਪਹਿਲਾਂ ਗਰਮੀਆਂ ਵਿੱਚ ਖੇਤਾਂ ਨੂੰ ਚੰਗੀ ਤਰ੍ਹਾਂ ਵਾਹ ਕੇ ਖੁੱਲ੍ਹਾ ਛੱਡੋ।
- ਪਾਣੀ ਤੇ ਖਾਦ ਦਾ ਅਸਰ ਇਕਸਾਰ ਕਰਨ ਲਈ ਖੇਤ ਨੂੰ ਪੱਧਰਾ ਕਰੋ।
- ਪਾਣੀ ਦੀ ਰੋੜ ਅਤੇ ਭੋ-ਖੋਰ ਰੋਕਣ ਲਈ ਖੇਤਾਂ ਦੇ ਬੰਨੇ ਮਜਬੂਤ ਕਰੋ।
- ਸੋਕੇ ਦਾ ਟਾਕਰਾ ਕਰਨ ਵਾਲੀਆਂ ਫਸਲਾਂ ਦੀਆਂ ਕਿਸਮਾਂ ਬੀਜੋ।
- ਵਾਧੂ ਖੜੇ ਪਾਣੀ ਦੇ ਮਾੜੇ ਅਸਰ ਨੂੰ ਘੱਟ ਕਰਨ ਲਈ ਫਸਲ ਵੱਟਾਂ ਤੇ ਬੀਜੋ।

**ਸਾਉਣੀ ਵਿੱਚ ਅਚਾਨਕ ਬਦਲੇ ਮੌਸਮ ਤੋਂ ਬਚਾਅ ਲਈ ਖੇਤੀ ਤਕਨੀਕਾਂ:** ਕੰਢੀ ਇਲਾਕੇ ਵਿੱਚ ਆਮ ਤੌਰ ਤੇ ਮਾਨਸੂਨ ਪਹਿਲੀ ਜੁਲਾਈ ਨੂੰ ਦਸਤਕ ਦਿੰਦਾ ਹੈ। ਸਹੀ ਮਾਨਸੂਨ ਹੋਣ ਤੇ ਸਾਉਣੀ ਵਿੱਚ ਮੱਕੀ ਦੀ ਫਸਲ ਸਭ ਤੋਂ ਫਾਇਦੇਮੰਦ ਹੈ। ਇਸ ਤੋਂ ਬਿਨਾਂ ਸਾਉਣੀ ਵਿੱਚ ਤਿੱਲ, ਬਾਜਰਾ, ਮੂੰਗੀ, ਮਾਂਹ ਆਦਿ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਮੌਸਮ ਵਿੱਚ ਅਚਾਨਕ ਆਈਆਂ ਤਬਦੀਲੀਆਂ ਦੇ ਅਸਰ ਤੋਂ ਫਸਲਾਂ ਨੂੰ ਬਚਾਉਣ ਲਈ ਹੇਠ ਲਿਖੇ ਉਪਾਅ ਕੀਤੇ ਜਾ ਸਕਦੇ ਹਨ:

1. **ਮਾਨਸੂਨ ਦਾ ਸਹੀ ਸਮੇਂ ਤੇ ਆਉਣਾ ਅਤੇ ਸ਼ੁਰੂ ਵਿੱਚ ਸੋਕਾ ਪੈਣਾ**

- ਹੱਥ ਨਾਲ ਚੱਲਣ ਵਾਲੀ ਤ੍ਰਿਫਾਲੀ ਨਾਲ ਮਿੱਟੀ ਦੀ ਉਪਰਲੀ ਤਹਿ ਪੋਲੀ ਕਰੋ ਤਾਂ ਜੋ ਮਿੱਟੀ ਦੀ ਨਮੀ

ਬਰਕਰਾਰ ਰਹੇ ਅਤੇ ਨਦੀਨਾਂ ਦੀ ਰੋਕਥਾਮ ਹੋ ਜਾਵੇ।

- ਮਾੜੇ ਬੂਟਿਆਂ ਨੂੰ ਪੁੱਟ ਦਿਓ।
- ਮੱਕੀ ਦੀ ਫਸਲ ਤੇ 10 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।
- ਜੇ ਮੀਂਹ ਦਾ ਪਾਣੀ ਸੰਭਾਲਿਆ ਹੋਇਆ ਹੋਵੇ ਤਾਂ ਉਸ ਦੇ ਨਾਲ ਇਕ ਸਿੰਚਾਈ ਕਰੋ।
- ਪਾਣੀ ਦੀ ਬੱਚਤ ਲਈ ਨਦੀਨਾਂ ਦੀ ਰੋਕਥਾਮ ਕਰੋ।
- ਜੇ ਲੰਮਾ ਸੋਕਾ ਪੈਣ ਨਾਲ ਫਸਲ ਮਰ ਜਾਵੇ ਤਾਂ ਅਗਸਤ ਵਿੱਚ ਚਾਰੇ ਵਾਲੇ ਬਾਜਰੇ ਦੀ ਕਾਸ਼ਤ ਕਰੋ।


ਮੀਂਹ ਦਾ ਪਾਣੀ ਇਕੱਠਾ ਕਰਨ ਲਈ ਟੋਭਾ


ਪੱਤਿਆਂ ਉੱਤੇ ਛਿੜਕਾਅ

### 2. ਮਾਨਸੂਨ ਦਾ ਸਹੀ ਸਮੇਂ ਤੇ ਆਉਣਾ ਅਤੇ ਫਸਲ ਦੇ ਅੱਧ ਵਿਚਕਾਰ ਸੋਕਾ ਪੈਣਾ

- ਜੇ ਮੀਂਹ ਦਾ ਪਾਣੀ ਸੰਭਾਲਿਆ ਹੋਵੇ ਤਾਂ ਸਿੰਚਾਈ ਕਰੋ।
- ਲਗਭਗ 20 ਪ੍ਰਤੀਸ਼ਤ ਕਮਜ਼ੋਰ ਬੂਟੇ ਪੁੱਟ ਕੇ ਉਹਨਾਂ ਨੂੰ ਚਾਰੇ ਵਜੋਂ ਵਰਤੋ।
- ਮੱਕੀ ਦੀ ਫਸਲ ਤੇ 10 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।
- ਪਾਣੀ ਦੀ ਬੱਚਤ ਲਈ ਨਦੀਨਾਂ ਦੀ ਰੋਕਥਾਮ ਕਰੋ।
- ਫਸਲਾਂ ਦੀਆਂ ਕਤਾਰਾਂ ਵਿਚਕਾਰ ਫਸਲਾਂ ਦੀ ਰਹਿੰਦ-ਖੂੰਹਦ ਜਾਂ ਜੜੀ ਬੂਟੀਆਂ ਕੱਟ ਕੇ ਵਿਛਾਓ।

### 3. ਮਾਨਸੂਨ ਦਾ ਸਹੀ ਸਮੇਂ ਤੇ ਆਉਣਾ ਤੇ ਫਸਲ ਦੇ ਅਖੀਰ ਵਿੱਚ ਸੋਕਾ ਪੈਣਾ

- ਜੇ ਮੀਂਹ ਦਾ ਪਾਣੀ ਸੰਭਾਲਿਆ ਹੋਵੇ ਤਾਂ ਸਿੰਚਾਈ ਕਰੋ।
- ਮੱਕੀ ਦੇ ਜਿਹਨਾਂ ਟਾਡਿਆਂ ਨੂੰ ਛੱਲੀਆਂ ਨਹੀਂ ਲੱਗੀਆਂ ਉਹ ਤੋੜ ਕੇ ਚਾਰੇ ਵਜੋਂ ਵਰਤੋ।
- ਜੇ ਮੱਕੀ ਦੋਧੀ ਅਵਸਥਾ ਵਿੱਚ ਹੈ ਤਾਂ ਇਸਨੂੰ ਵੱਢ ਕੇ ਚਾਰੇ ਦੇ ਤੌਰ ਤੇ ਵਰਤੋ ਜਾਂ ਛੱਲੀਆ ਤੋੜ ਕੇ ਵੇਚ ਦਿਓ।
- ਜੇ ਫਸਲ ਬੀਜ ਬਣਨ ਦੀ ਅਵਸਥਾ ਵਿੱਚ ਹੈ ਤਾਂ ਫਸਲ ਵੱਢ ਕੇ ਭਰੀਆਂ ਖੜੀਆਂ ਕਰਕੇ ਰੱਖ ਦਿਓ।
- ਜੇ ਖੇਤ ਸੋਕੇ ਕਾਰਨ ਫਸਲ ਦੇ ਛੇਤੀ ਪੱਕਣ ਕਰਕੇ ਖਾਲੀ ਹੋ ਗਿਆ ਹੈ ਤਾਂ ਉਸਨੂੰ ਨਮੀ ਦੀ ਸੰਭਾਲ ਕਰਨ ਲਈ ਵਾਹ ਦਿਓ।
- ਜੇ ਮੱਕੀ ਦੀ ਫਸਲ ਤਬਾਹ ਹੋ ਜਾਵੇ ਤਾਂ ਜਲਦੀ ਤੋਰੀਆ ਬੀਜ ਕੇ ਬਾਅਦ ਵਿੱਚ ਕਣਕ ਦੀਆਂ ਪਿਛੇਤੀਆਂ ਕਿਸਮਾਂ ਜਿਵੇਂ ਕਿ ਪੀਬੀ ਡਬਲਯੂ 658 ਜਾਂ ਪੀਬੀ ਡਬਲਯੂ 590 ਦਸੰਬਰ ਵਿੱਚ ਬਾਰਿਸ਼ ਪੈਣ ਤੇ ਬੀਜੀਆਂ ਜਾ ਸਕਦੀਆਂ ਹਨ।

### 4. ਮਾਨਸੂਨ ਦਾ ਦੇਰ ਨਾਲ ਆਉਣਾ

ਮੱਕੀ ਬੀਜਣ ਦਾ ਸਹੀ ਸਮਾਂ 20 ਜੂਨ ਤੋਂ 7 ਜੁਲਾਈ ਹੈ। ਇਸਦੀ ਲੇਟ ਬਿਜਾਈ ਕਰਨ ਨਾਲ ਦਾਣੇ ਪੈਣ ਸਮੇਂ ਸੋਕਾ ਪੈ ਜਾਂਦਾ ਹੈ। ਜੇ ਮਾਨਸੂਨ ਜੁਲਾਈ ਤੱਕ ਨਹੀਂ ਆਉਂਦੀ ਤਾਂ ਮੱਕੀ ਨਾ ਬੀਜੋ।

- ਜੇ ਮਾਨਸੂਨ 15 ਦਿਨ ਦੇਰੀ ਨਾਲ ਆਉਂਦੀ ਹੈ ਤਾਂ ਮੂੰਗੀ, ਮਾਂਹ ਜਾਂ ਤਿੱਲਾਂ ਦੀ ਕਾਸ਼ਤ ਕਰੋ।

- ਜੇ ਮਾਨਸੂਨ 30 ਦਿਨ ਦੇਰੀ ਨਾਲ ਆਉਂਦੀ ਹੈ ਤਾਂ ਦਾਣਿਆਂ ਲਈ ਮੂੰਗੀ ਜਾਂ ਚਾਰੇ ਲਈ ਬਾਜਰਾ ਬੀਜੋ।

**ਹਾੜ੍ਹੀ ਵਿੱਚ ਅਚਾਨਕ ਬਦਲੇ ਮੌਸਮ ਤੋਂ ਬਚਾਅ ਲਈ ਖੇਤੀ ਤਕਨੀਕਾਂ:** ਕੰਢੀ ਇਲਾਕੇ ਵਿੱਚ ਹਾੜ੍ਹੀ ਦੀ ਸਹੀ ਫਸਲ ਲੈਣ ਲਈ ਜਮੀਨੀ ਨਮੀ ਦੀ ਸੰਭਾਲ ਲਈ ਹੇਠ ਲਿਖੇ ਤਰੀਕੇ ਅਪਨਾਓ:

- ਮੱਕੀ ਦੀ ਖੜੀ ਫਸਲ ਵਿੱਚ ਕਤਾਰਾਂ ਵਿਚਕਾਰ ਅਗਸਤ ਮਹੀਨੇ ਵਿੱਚ ਘਾਹ-ਫੂਸ ਵਿਛਾ ਦਿਓ।
- ਸਾਉਣੀ ਦੀ ਫਸਲ ਵੱਢਣ ਤੋਂ ਇਕਦਮ ਬਾਅਦ ਸ਼ਾਮ ਨੂੰ ਖੇਤ ਵਾਹ ਕੇ ਸਵੇਰੇ ਸੁਹਾਗਾ ਦਿਓ, ਇਸ ਨਾਲ ਨਮੀ ਸੰਭਾਲੀ ਜਾ ਸਕਦੀ ਹੈ। ਜੇ ਬਿਜਾਈ ਸਮੇਂ ਜ਼ਮੀਨ ਵਿੱਚ ਕਾਫੀ ਨਮੀ ਹੈ ਤਾਂ ਕਣਕ, ਰਾਇਆ, ਤਾਰਾਮੀਰਾ, ਛੋਲੇ ਜਾਂ ਮਸਰ ਨਵੰਬਰ ਵਿੱਚ ਬੀਜੇ ਜਾ ਸਕਦੇ ਹਨ। ਮੌਸਮ ਦੇ ਲਿਹਾਜ ਨਾਲ ਹਾੜ੍ਹੀ ਦੀ ਫਸਲ ਦਾ ਪ੍ਰਬੰਧਨ ਹੇਠ ਲਿਖੇ ਅਨੁਸਾਰ ਕਰੋ:


ਸਾਉਣੀ ਦੀਆਂ ਬਦਲਵੀਆਂ ਫਸਲਾਂ


ਹਾੜੀ ਦੀਆਂ ਬਦਲਵੀਆਂ ਫਸਲਾਂ

### 1. ਜ਼ਮੀਨ ਵਿੱਚ ਨਮੀ ਦੀ ਘਾਟ ਹੋਣ ਤੇ

- ਫਸਲ ਦੇ ਸਹੀ ਜੰਮ ਲਈ ਬੀਜ ਨੂੰ ਸਿੱਲ ਵਿੱਚ ਡੂੰਘਾ ਬੀਜੋ।
- ਕਣਕ ਦੀ ਕਤਾਰ ਤੋਂ ਕਤਾਰ ਦੀ ਦੂਰੀ 22-25 ਸੈਂਟੀਮੀਟਰ ਦੀ ਥਾਂ ਤੇ 30 ਸੈਂਟੀਮੀਟਰ ਰੱਖੋ।
- ਕਣਕ ਦੀ ਥਾਂ ਤੇ ਛੋਲੇ, ਅਲਸੀ ਅਤੇ ਰਾਇਆ ਬੀਜੋ।
- ਛੋਲਿਆਂ ਦੇ ਬੀਜ ਨੂੰ 1 ਗ੍ਰਾਮ ਮੋਲੀਬਡੀਨਮ ਪ੍ਰਤੀ 2 ਲੀਟਰ ਪਾਣੀ ਵਿੱਚ ਭਿਉਂ ਕੇ ਬੀਜੋ।
- ਕਣਕ ਦੇ ਬੀਜ ਨੂੰ ਇਕ ਗ੍ਰਾਮ ਥਾਇਓਯੂਰੀਆ ਪ੍ਰਤੀ ਲਿਟਰ ਪਾਣੀ ਵਿੱਚ ਭਿਉਂ ਕੇ ਬੀਜੋ।
- ਜੇ ਮੀਂਹ ਦਾ ਸੰਭਾਲਿਆ ਪਾਣੀ ਉਪਲਬਧ ਹੋਵੇ ਤਾਂ ਰੌਣੀ ਲਈ ਵਰਤੋ।
- ਸਰਦੀ ਦੀਆਂ ਬਾਰਿਸ਼ਾਂ ਤੋਂ ਬਾਅਦ ਪਛੇਤੀਆਂ ਹਾਲਤਾਂ ਵਿੱਚ ਕਣਕ ਦੀਆਂ ਪੀਬੀ ਡਲਬਯੂ 658 ਜਾਂ ਪੀਬੀ ਡਲਬਯੂ 590 ਕਿਸਮਾਂ ਬੀਜੋ।
- ਕਣਕ ਦੇ ਝਾੜ ਤੇ ਉੱਚ ਤਾਪਮਾਨ ਦੇ ਪ੍ਰਭਾਵ ਨੂੰ ਘੱਟ ਕਰਨ ਲਈ 20 ਗ੍ਰਾਮ ਪੋਟਾਸ਼ੀਅਮ ਨਾਈਟ੍ਰੇਟ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਗੋਭ ਵਿੱਚ ਸਿੱਟਾ ਬਣਨ ਅਤੇ ਸਿੱਟੇ ਨਿਕਲਣ ਵੇਲੇ ਛਿੜਕਾਅ ਕਰੋ।

### 2. ਸਰਦੀਆਂ ਦੀਆਂ ਬਾਰਿਸ਼ਾਂ ਨਾ ਪੈਣ ਤੇ

ਜੇ ਜਮੀਨ ਵਿੱਚ ਸਹੀ ਨਮੀ ਹੋਣ ਤੇ ਸਮੇਂ ਸਿਰ ਬਿਜਾਈ ਕੀਤੀ ਗਈ ਸੀ ਪਰ ਬਾਅਦ ਵਿੱਚ ਸਰਦੀਆਂ ਦੀਆਂ ਬਾਰਿਸ਼ਾਂ ਨਾ ਪੈਣ ਤਾਂ ਇਹ ਨੁਕਤੇ ਅਪਨਾਓ:

- ਜੇ ਮੀਂਹ ਦਾ ਸੰਭਾਲਿਆ ਪਾਣੀ ਉਪਲਬਧ ਹੈ ਤਾਂ ਉਸਨੂੰ ਸਿੰਚਾਈ ਲਈ ਵਰਤੋਂ।
- ਥਾਇਓਯੂਰੀਆ ਦਾ 1 ਗ੍ਰਾਮ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਕਣਕ ਤੇ ਸਪਰੇਅ ਕਰੋ।

ਉਪਰੋਕਤ ਨੁਕਤੇ ਅਪਣਾਅ ਕੇ ਅਸੀਂ ਮੌਸਮ ਵਿੱਚ ਆਈਆਂ ਅਚਾਨਕ ਤਬਦੀਲੀਆਂ ਤੋਂ ਫਸਲਾਂ ਨੂੰ ਹੋਣ ਵਾਲੇ ਨੁਕਸਾਨ ਨੂੰ ਕਾਫੀ ਹੱਦ ਤੱਕ ਘਟਾ ਸਕਦੇ ਹਾਂ।